# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10**

**ਮਿਤੀ : 07-07-2025**

ਬ੍ਰਾਜ਼ੀਲ ਦੇ ਰੀਓ ਡਿ ਜਨੇਰੀਓ ਵਿਚ ਬ੍ਰਿਕਸ ਸਿਖਰ ਸੰਮੇਲਨ ਦੇ ਐਲਾਨਨਾਮੇ ਵਿਚ 22 ਅ੍ਰਪੈਲ ਦੇ ਪਹਿਲਗਾਮ ਅੱਤਵਾਦੀ ਹਮਲੇ ਦੀ ਸਖ਼ਤ ਨਿਖੇਧੀ ਕੀਤੀ ਗਈ ਏ, ਇਸ ਹਮਲੇ ਵਿਚ 26 ਵਿਅਕਤੀ ਮਾਰੇ ਗਏ ਸਨ। ਬ੍ਰਿਕਸ ਨੇਤਾਵਾਂ ਨੇ ਸਰਹੱਦ ਪਾਰੋਂ ਅੱਤਵਾਦ, ਇਸ ਨੂੰ ਸਰਪ੍ਰਸਤੀ ਦੇਣ ਤੇ ਅੱਤਵਾਦੀ ਸਰਗਰਮੀਆਂ ਲਈ ਵਿੱਤ ਪੋਸ਼ਣ ਸਮੇਤ ਹਰ ਕਿਸਮ ਦੇ ਅੱਤਵਾਦ ਨਾਲ ਨਜਿੱਠਣ ਦੀ ਵਚਨਬੱਧਤਾ ਦੁਹਰਾਈ। ਐਲਾਨਨਾਮੇ ਵਿਚ ਅੱਤਵਾਦ ਨੂੰ ਕਤਈ ਬਰਦਾਸ਼ਤ ਨਾ ਕਰਨ ਦੀ ਨੀਤੀ ਯਕੀਨੀ ਬਣਾਉਣ ਅਤੇ ਇਸ ਨਾਲ ਸਿੱਝਣ ਦੇ ਦੋਹਰੇ ਮਾਪਦੰਡਾਂ ਨੂੰ ਖ਼ਾਰਜ ਕਰਨ ਦੀ ਅਪੀਲ ਕੀਤੀ ਗਈ ਏ।

---------------------------------------------------------------

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪੰਜਾਬ

ਵਿਧਾਨ ਸਭਾ ਦਾ ਇਜਲਾਸ 10 ਜੁਲਾਈ ਨੂੰ ਸਵੇਰੇ 11.00 ਵਜੇ ਪੰਜਾਬ ਵਿਧਾਨ ਸਭਾ ਹਾਲ, ਵਿਧਾਨ ਭਵਨ ਚੰਡੀਗੜ ਵਿਖੇ ਸੱਦ ਲਿਆ ਏ। ਇਸ ਤੋਂ ਪਹਿਲਾਂ 5 ਮਈ ਨੂੰ ਅਣਮਿੱਥੇ ਸਮੇਂ ਲਈ ਵਿਧਾਨ ਸਭਾ ਦਾ ਇਜਲਾਸ ਮੁਲਤਵੀ ਕਰ ਦਿੱਤਾ ਗਿਆ ਸੀ।

---------------------------------------------------

ਪੰਜਾਬ ਦੇ ਰਾਜਪਾਲ ਤੇ ਕੇਂਦਰ ਸ਼ਾਸਤ ਸੂਬੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁ ਲਾਬ ਚੰਦ ਕਟਾਰੀਆ ਨੇ ਕੱਲ੍ਹ ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਦੀ 12 5ਵੀਂ ਜਨਮ ਵਰ੍ਹੇਗੰਢ ਮਨਾਉਣ ਲਈ ਕਰਵਾਏ ਸੂਬਾ ਪੱਧਰੀ ਪ੍ਰੋਗਰਾਮ ਵਿਚ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਰਾਜਪਾਲ ਨੇ ਕਿਹਾ ਕਿ ਡਾ. ਸ਼ਿ ਆਮਾ ਪ੍ਰਸਾਦ ਮੁਖਰਜੀ ਪੱਕੇ ਰਾਸ਼ਟਰਵਾਦੀ, ਦੂਰਅੰਦੇਸ਼ ਨੇਤਾ, ਵਿਚਾਰ ਸ਼ੀਲ ਸਿੱਖਿਆ ਸ਼ਾਸਤਰੀ ਸਨ, ਜਿਨ੍ਹਾਂ ਦਾ ਜੀਵਨ ਨੌਜਵਾਨਾਂ ਲਈ ਪ੍ਰੇਰ ਨਾ ਸਰੋਤ ਏ। ਰਾਜਪਾਲ ਨੇ ਕਿਹਾ ਕਿ ਡਾ. ਮੁਖਰਜੀ ਆਜ਼ਾਦ ਭਾਰਤ ਦੇ ਪਹਿਲੇ ਉਦਯੋਗ ਮੰਤਰੀ ਬਣੇ ਅਤੇ ਉਨ੍ਹਾਂ ਵੱਲੋਂ 1948 ਵਿਚ ਪੇਸ਼ ਕੀਤੀ ਗਈ ਸਨਅਤੀ ਨੀਤੀ ਨੂੰ ਹਾਲੇ ਵੀ ਦੇਸ਼ ਦੇ ਸਵੈ

ਨਿਰਭਰ ਸਨਅਤੀ ਢਾਂਚੇ ਦੀ ਨੀਂਹ ਮੰਨਿਆ ਜਾਂਦਾ ਏ। ਉਨ੍ਹਾਂ ਕਿਹਾ ਕਿ ਡਾ.ਮੁਖਰਜੀ ਦੇ **ਇਕ ਦੇਸ਼, ਇਕ ਵਿਧਾਨ, ਇਕ ਝੰਡਾ** ਦੇ ਵਿਚਾਰ ਨੂੰ ਕੇਂਦਰ ਸਰਕਾਰ ਨੇ 5 ਅਗਸਤ 2019 ਨੂੰ ਧਾਰਾ 370 ਰੱਦ ਕਰ ਕੇ ਅਮਲੀ ਜਾਮਾ ਪੁਆਇਆ, ਜੋ ਕਿ ਡਾ. ਮੁਖਰਜੀ ਨੂੰ ਸੱਚੀ ਸ਼ਰਧਾਂਜਲੀ ਏ।

---------------------------------------------------

ਅੱਜ ਸਵੇਰੇ ਹੁਸ਼ਿਆਰਪੁਰ ਨਜ਼ਦੀਕ ਦਸੂਹਾ ਵਿਚ ਇਕ ਮਿਨੀ ਬੱਸ ਦੇ ਪਲਟ ਜਾਣ ਨਾਲ ਉਸ ਵਿਚ ਸਵਾਰ 6 ਯਾਤਰੀਆਂ ਦੀ ਮੌਤ ਹੋ ਗਈ ਜਦਕਿ ਦਰਜਨ ਤੋਂ ਵੱਧ ਜ਼ਖ਼ਮੀ ਹੋਏ ਨੇ। ਇਨ੍ਹਾਂ ਵਿੱਚੋਂ ਕੁਝ ਜ਼ਖ਼ਮੀਆਂ ਦੀ ਹਾਲਤ ਗੰਭੀਰ ਬਣੀ ਹੋਈ ਏ। ਸੂਤਰਾਂ ਮੁਤਾਬਕ ਸਾਗਰਾਂ ਬੱਸ ਅੱਡੇ ਨੇੜੇ ਚਾਲਕ ਵੱਲੋਂ ਕੰਟਰੋਲ ਗੁਆ ਬੈਠਣ ਕਾਰਨ ਇਹ ਹਾਦਸਾ ਹੋਇਆ ਦੱਸਿਆ ਗਿਆ ਏ।

---------------------------------------------------

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਲੁਧਿਆਣਾ ਵਿਚ ਭਾਰਤ ਵਿਕਾਸ ਪ੍ਰੀਸ਼ਦ ਚੈਰੀਟੇਬਲ ਟਰੱਸਟ ਦੇ ਹਾਲ ਵਿਚ

ਕਰਵਾਏ ਗਏ '**ਸੰਕਲਪ ਸਨਮਾਨ ਸਮਾਗਮ**' ਵਿਚ ਸ਼ਿਰਕਤ ਕਰ ਕੇ ਸਾਲ 2024-25 ਦੀ ਸੰਘ ਲੋਕ ਸੇਵਾ ਕਮਿਸ਼ਨ (ਯੂ.ਪੀ.ਐੱਸ.ਸੀ.) ਦੀ ਪ੍ਰੀਖਿਆ ਪਾਸ ਕਰਨ ਵਾਲੇ ਨੌਜਵਾਨਾਂ ਦਾ ਸਨਮਾਨ ਕੀਤਾ। ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਸਾਲ 2024-25 ਵਿਚ 1009 ਨੌਜਵਾਨਾਂ ਨੇ ਯੂ.ਪੀ.ਐੱਸ.ਸੀ. ਦੀ ਪ੍ਰੀਖਿਆ ਪਾਸ ਕੀਤੀ, ਜਿਨ੍ਹਾਂ ਵਿੱਚੋਂ 721 ਸੰਕਲਪ ਨਾਲ ਸਬੰਧਤ ਨੇ। ਉਨ੍ਹਾਂ ਕਿਹਾ ਕਿ ਇਹ ਖੁਸ਼ੀ ਵਾਲੀ ਗੱਲ ਹੈ ਕਿ ਇਨ੍ਹਾਂ 721 ਨੌਜਵਾਨਾਂ ਵਿੱਚੋਂ 18 ਪੰਜਾਬ ਤੋਂ ਨੇ। ਇਸ ਤੋਂ ਪਹਿਲਾਂ ਰਾਜਪਾਲ ਕਟਾਰੀਆ ਨੇ ਭਾਰਤ ਵਿਕਾਸ ਚੈਰੀਟੇਬਲ ਟਰੱਸਟ ਵਿਚ ਡਾਇਲਸਿਸ ਸੈਂਟਰ ਦਾ ਨੀਂਹ-ਪੱਥਰ ਰੱਖਿਆ ਤੇ ਕਾਇਆਕਲਪ ਕੇਂਦਰ ਦਾ ਉਦਘਾਟਨ ਕੀਤਾ।

------------------------------------------------------------

ਭਾਰਤ ਨੇ ਬੀਤੀ ਰਾਤ ਇੰਗਲੈਂਡ ਦੇ ਬਰਮਿੰਘਮ ਵਿਚ ਐਂਡਰਸਨਤੇਂਦੁਲ ਕਰ ਟਰਾਫੀ ਦੇ ਦੂਜੇ ਕ੍ਰਿਕਟ ਟੈਸਟ ਮੈਚ ਵਿਚ ਮੇਜ਼ਬਾਨ ਇੰਗਲੈਂਡ ਨੂੰ 336 ਦੌੜਾਂ ਨਾਲ ਹਰਾਇਆ। ਇਹ 58 ਸਾਲਾਂ ਦੇ ਵਕਫ਼ੇ ਤੋਂ ਬਾਅਦ ਇ

ਸ ਮੈਦਾਨ ਵਿਚ ਭਾਰਤ ਦੀ ਪਹਿਲੀ ਟੈਸਟ ਜਿੱਤ ਏ। ਦੋਵਾਂ ਦੇਸ਼ਾਂ ਵਿਚ ਕਾਰ 5 ਮੈਚਾਂ ਦੀ ਲੜੀ ਹੁਣ 1-1 ਨਾਲ ਬਰਾਬਰ ਏ।

ਆਕਾਸ਼ਦੀਪ, ਇੰਗਲੈਂਡ ਵਿਚ ਇਕ ਮੈਚ ਵਿਚ 10 ਵਿਕਟਾਂ ਲੈਣ ਵਾਲਾ ਦੂਜਾ ਭਾਰਤੀ ਖਿਡਾਰੀ ਬਣ ਗਿਆ ਏ। ਇਸ ਤੋਂ ਪਹਿਲਾਂ ਚੇਤਨ ਸ਼ਰਮਾ ਨੇ ਇਹ ਕਾਰਨਾਮਾ 1986 ਵਿਚ ਕੀਤਾ ਸੀ। ਕਪਤਾਨ ਸ਼ੁਭਮਨ ਗਿੱਲ ਦੀਆਂ ਪਹਿਲੀ ਪਾਰੀ ਵਿਚ 269 ਦੌੜਾਂ ਤੇ ਦੂ ਜੀ ਪਾਰੀ ਵਿਚ 161 ਦੌੜਾਂ ਦੀ ਬਦੌਲਤ, ਭਾਰਤ ਮਜ਼ਬੂਤ ਸਥਿਤੀ ਵਿਚ ਰਿਹਾ ਤੇ ਇੰਗਲੈਂਡ ਨੂੰ 608 ਦੌੜਾਂ ਦਾ ਟੀਚਾ ਦਿੱਤਾ। ਦੋਵਾਂ ਟੀਮਾਂ ਵਿਚ ਕਾਰ ਤੀਜਾ ਮੈਚ 10 ਜੁਲਾਈ ਨੂੰ ਲਾਰਡਜ਼ ਵਿਚ ਖੇਡਿਆ ਜਾਵੇਗਾ।

---------------------------------------------------

ਪੰਜਾਬ ਵਿਚ ਮੀਂਹ ਪੈਣ ਬਾਰੇ ਅੱਜ ਮੌਸਮ ਵਿਭਾਗ ਨੇ ਆਰੈਂਜ ਅਲਰਟ ਜਾਰੀ ਕੀਤਾ ਏ। ਮੌਸਮ ਵਿਭਾਗ ਦਾ ਅਨੁਮਾਨ ਏ ਕਿ ਇਸ ਸਾਲ ਮਾਨਸੂਨ ਦੌਰਾਨ ਪੂਰੇ ਪੰਜਾਬ ਵਿਚ ਆਮ ਨਾਲੋਂ ਵੱਧ ਮੀਂਹ ਪੈਣ ਦੇ ਆਸਾਰ ਨੇ। ਇਵੇਂ ਹੀ ਭਲਕੇ ਮੰਗਲਵਾਰ ਨੂੰ

ਤਰਨਤਾਰਨ, ਕਪੂਰਥਲਾ, ਜਲੰਧਰ, ਨਵਾਂਸ਼ਹਿਰ, ਰੂਪਨਗਰ, ਮੋਹਾਲੀ ਤੇ ਫ਼ਤਹਿਗੜ ਸਾਹਿਬ ਵਿਚ ਮੀਂਹ ਪੈਣ ਵਾਲੇ ਯੈਲੋ ਅਲਰਟ ਜਾਰੀ ਕੀਤਾ ਗਿਆ ਏ।